# India and Bhutan sign MoU for developing cooperation in the areas of Environment

June 18, 2021

…………………………………………………………………………………………………..

## ਭਾਰਤ ਅਤੇ ਭੂਟਾਨ ਨੇ ਵਾਤਾਵਰਣ ਦੇ ਖੇਤਰ ਵਿੱਚ ਸਹਿਯੋਗ ਵਧਾਉਣ ਲਈ ਸਮਝੌਤੇ 'ਤੇ ਕੀਤੇ ਦਸਤਖਤ

18 ਜੂਨ, 2021

ਭਾਰਤ ਅਤੇ ਭੂਟਾਨ ਦਰਮਿਆਨ ਅੱਜ ਦੋਨਾਂ ਮੁਲਕਾਂ ਵਿਚਾਲੇ ਵਾਤਾਵਰਣ ਦੇ ਖੇਤਰ ਵਿੱਚ ਸਹਿਯੋਗ ਵਧਾਉਣ ਸਬੰਧੀ ਸਮਝੌਤੇ 'ਤੇ ਦਸਤਖਤ ਹੋਏ। ਇਸ MoU 'ਤੇ ਭਾਰਤ ਵੱਲੋਂ ਵਾਤਾਵਰਣ, ਜੰਗਲਾਤ ਅਤੇ ਮੌਸਮੀ ਪਰਿਵਰਤਨ ਮੰਤਰੀ ਪ੍ਰਕਾਸ਼ ਜਾਵਡੇਕਰ ਅਤੇ ਭੂਟਾਨ ਦੀ ਤਰਫੋਂ ਵਿਦੇਸ਼ ਮੰਤਰੀ ਅਤੇ ਰਾਸ਼ਟਰੀ ਵਾਤਾਵਰਣ ਕਮੀਸ਼ਨ ਦੇ ਪ੍ਰਧਾਨ ਡਾ. ਤੰਦੀ ਡੋਰਜੀ ਨੇ ਵਰਚੁਅਲ ਰੂਪ 'ਚ ਦਸਤਖ਼ਤ ਕੀਤੇ।

ਇਸ ਮੌਕੇ ਬੋਲਦਿਆਂ ਸ਼੍ਰੀ ਜਾਵਡੇਕਰ ਨੇ ਕਿਹਾ ਕਿ ਇਸ ਸਮਝੌਤੇ ਨਾਲ ਮੌਸਮੀ ਤਬਦੀਲੀ, ਕੂੜਾ ਪ੍ਰਬੰਧਨ ਆਦਿ ਦੇ ਖੇਤਰ ਵਿੱਚ ਦੁਵੱਲੇ ਸਹਿਯੋਗ ਦੇ ਨਵੇਂ ਰਸਤੇ ਖੁੱਲਣਗੇ ਅਤੇ  ਦੋਵਾਂ ਦੇਸ਼ਾਂ ਦਰਮਿਆਨ ਸਬੰਧਾਂ ਨੂੰ ਸੰਕੇਤਕ ਦੱਸਦੇ ਹੋਏ ਉਨ੍ਹਾਂ ਨੇ ਕਿਹਾ ਕਿ ਭਾਰਤ ਵਾਤਾਵਰਣ ਨਾਲ ਜੁੜੇ ਮੁੱਦਿਆਂ 'ਤੇ ਭੂਟਾਨ ਨਾਲ ਸਾਂਝ ਪਾਉਣਾ ਚਾਹੁੰਦਾ ਹੈ।

ਇਹ ਸਮਝੌਤਾ ਭਾਰਤੀ ਅਤੇ ਭੂਟਾਨ ਦੀ ਭਾਈਵਾਲੀ ਅਤੇ ਸਹਾਇਤਾ ਨੂੰ ਹੋਰ ਵਧਾਉਣ, ਹਵਾ ਪ੍ਰਦੂਸ਼ਣ ਦੀ ਰੋਕਥਾਮ, ਕੂੜਾ-ਕਰਕਟ ਪ੍ਰਬੰਧਨ, ਰਸਾਇਣ ਪ੍ਰਬੰਧਨ, ਮੌਸਮੀ ਤਬਦੀਲੀ ਆਦਿ ਵਰਗੇ ਖੇਤਰਾਂ ਵਿੱਚ ਸਰਬੋਤਮ ਅਭਿਆਸਾਂ ਦਾ ਆਦਾਨ -ਪ੍ਰਦਾਨ ਕਰਨ ਦਾ ਮੰਚ ਹੈ। ਇਸ ਸਮਝੌਤੇ ਨਾਲ ਆਪਸੀ ਦਿਲਚਸਪੀ ਦੇ ਖੇਤਰਾਂ 'ਚ ਸਾਂਝੇ ਪ੍ਰੋਜੈਕਟਾਂ ਦੀ ਸੰਭਾਵਨਾ ਵੀ ਪੈਦਾ ਹੁੰਦੀ ਹੈ। ਇਸ ਸਮਝੌਤੇ ਨਾਲ ਤਕਨੀਕੀ, ਵਿਗਿਆਨਕ ਅਤੇ ਪ੍ਰਬੰਧਨ ਸਮਰੱਥਾ ਮਜ਼ਬੂਤ ਹੋਵੇਗੀ ਅਤੇ ਦੋਵਾਂ ਦੇਸ਼ਾਂ ਦਰਮਿਆਨ ਆਪਸੀ ਲਾਹੇਵੰਦ ਭਾਈਵਾਲੀ ਨੂੰ ਉਤਸ਼ਾਹਤ ਕਰਨ ਲਈ ਵਾਤਾਵਰਣ ਦੇ ਖੇਤਰ ਵਿਚ ਸਹਿਯੋਗ ਦੇ ਖੇਤਰਾਂ ਦਾ ਵਿਸਥਾਰ ਹੋਵੇਗਾ।

ਨਵੀਂ ਦਿੱਲੀ
18 ਜੂਨ, 2021

DISCLAIMER: This is an approximate translation. The original is available in English on MEA’s website and may be referred to as the official press release.